ਸਰਵ ਸਿੱਖਿਆ ਅਭਿਆਨ ਅਤੇ ਮਿਡ ਡੇ ਮੀਲ ਦੇ ਕੰਮਾਂ ਦੀ ਸਮੀਖਿਆ ਕਰਨ ਹਿੱਤ ਜ਼ਿਲ੍ਹਾ ਪੱਧਰ ਤੇ ਰਿਵਿਊ ਅਤੇ ਮੋਨੀਟਰਿੰਗ ਕਰਨ ਲਈ ਜਿਲ੍ਹਾ ਸਿੱਖਿਆ ਵਿਕਾਸ ਕਮੇਟੀ ਦੀ ਮੀਟਿੰਗ ਨਾਲ ਤਿਮਾਹੀ ਮੀਟਿੰਗ ਮਿਤੀ: 25.03.2015 ਨੂੰ 12:00 ਵਜੇ ਲੈਫ. ਕਰਨਲ ਸ਼ਾਂਤੀ ਸਵਰੂਪ ਰਾਣਾ ਅਸ਼ੋਕ ਚੱਕਰਾ ਮੀਟਿੰਗ ਹਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ ਵਿਖੇ ਮਾਨਯੋਗ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਜੀ ਦੀ ਪ੍ਰਧਾਨਗੀ ਹੇਠ ਹੋਈ ਅਤੇ ਪ੍ਰਧਾਨ ਜੀ ਤੋ ਆਗਿਆ ਲੈਣ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਹੁਸ਼ਿਆਰਪੁਰ ਵੱਲੋ ਮੀਟਿੰਗ ਸ਼ੁਰੂ ਕੀਤੀ ਗਈ।

**ਇਸ ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀ ਹਾਜ਼ਰ ਹੋਏ :-**

| | | | |
|---|---|---|---|
| 1 | ਸ਼੍ਰੀ ਦਲੀਪ ਸਿੰਘ | : | ਨੁਮਾਇੰਦਾ ਸ਼੍ਰੀ ਸੁਰਿੰਦਰ ਸਿੰਘ ਐਮ ਐਲ ਏ ਹਲਕਾ ਗੜ੍ਹਸ਼ੰਕਰ |
| 2 | ਸ਼੍ਰੀਮਤੀ ਰਜਨੀਸ਼ ਕੌਰ | : | ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ, ਹੁਸ਼ਿਆਰਪੁਰ |
| 3 | ਸ਼੍ਰੀਮਤੀ ਸੁਖਵਿੰਦਰ ਕੌਰ | : | ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਹੁਸ਼ਿਆਰਪੁਰ |
| 4 | ਸ਼੍ਰੀਮਤੀ ਕਿਰਨ ਸੈਣੀ | : | ਪ੍ਰਿੰਸੀਪਲ, ਡਾਇਟ ਅੱਜੋਵਾਲ, ਹੁਸ਼ਿਆਰਪੁਰ |
| 5 | ਸ਼੍ਰੀ ਰਜਿੰਦਰ ਸਿੰਘ | : | ਜਿਲ੍ਹਾ ਭਲਾਈ ਅਫਸਰ, ਹੁਸ਼ਿਆਰਪੁਰ |
| 6 | ਸ਼੍ਰੀ ਜਗਦੀਸ਼ ਮਿੱਤਰ | : | ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਹੁਸ਼ਿਆਰਪੁਰ |
| 7 | ਮੈਡਮ ਗੁਨਦੀਪ ਕੌਰ | : | ਸਕੂਲ ਹੈਲਥ ਕੋਆਡੀਨੇਟਰ, ਦਫਤਰ ਸਿਵਲ ਸਰਜਨ, ਹੁਸ਼ਿਆਰਪੁਰ |
| 8 | ਮੈਡਮ ਸੁਮਨਦੀਪ ਕੌਰ | : | ਜ਼ਿਲ੍ਹਾ ਪ੍ਰੋਗਰਾਮ ਅਫਸਰ, ਆਈ.ਸੀ.ਡੀ.ਐਸ, ਹੁਸ਼ਿਆਰਪੁਰ |
| 9 | ਸ਼੍ਰੀ ਮਦਨ ਲਾਲ ਸ਼ਰਮਾ | : | ਡੀ ਆਰ ਪੀ, ਸਸਅ |
| 10 | ਸ਼੍ਰੀ ਸੁਦੇਸ਼ ਸ਼ਰਮਾ | : | ਡੀ.ਆਰ.ਪੀ, ਆਰ.ਐਮ.ਐਸ.ਏ |
| 11 | ਸ਼੍ਰੀ ਬੇਅੰਤ ਸਿੰਘ | : | ਨੁਮਾਇੰਦਾ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਹੁਸ਼ਿਆਰਪੁਰ |
| 12 | ਸ਼੍ਰੀ ਹਰਭਜਨ ਸਿੰਘ | : | ਜਿਲ੍ਹਾ ਮੈਨੇਜਰ, ਮਿਡ ਡੇ ਮੀਲ ਸੈਲ, ਹੁਸ਼ਿਆਰਪੁਰ |
| 13 | ਸ਼੍ਰੀ ਕਰਨੈਲ ਸਿੰਘ | : | ਕੋਆਡੀਨੇਟਰ, ਮਿਡ ਡੇ ਮੀਲ ਸੈਲ, ਹੁਸ਼ਿਆਰਪੁਰ |
| 14 | ਸ਼੍ਰੀ ਜਸਦੀਪ ਗਿੱਲ | : | ਏ.ਪੀ.ਆਰ.ਓ |
| 15 | ਸ਼੍ਰੀ ਅਜੈ ਕੁਮਾਰ | : | ਨੁਮਾਇੰਦਾ ਡੀ ਆਰ ਪੀ, ਪ੍ਰਵੇਸ਼ |
| 16 | ਸ਼੍ਰੀ ਅਨੀਰੁੱਧ ਮੋਦਗਿਲ | : | ਜੂਨੀਅਰ ਸਹਾਇਕ, ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਹੁਸ਼ਿਆਰਪੁਰ |
| 17 | ਸ਼੍ਰੀ ਮਨਜੀਤ ਸਿੰਘ | : | ਬੀ.ਆਰ.ਪੀ ਬਲਾਕ ਟਾਂਡਾ-1 ਅਤੇ ਟਾਂਡਾ-2 |
| 18 | ਸ਼੍ਰੀਮਤੀ ਅਨੀਤਾ ਰਾਣੀ | : | ਬੀ ਪੀ ਈ ਓ ਬਲਾਕ ਹਾਜੀਪੁਰ |
| 19 | ਸ਼੍ਰੀਮਤੀ ਗੁਰਬਖਸ਼ ਕੌਰ | : | ਬੀ ਪੀ ਈ ਓ ਬਲਾਕ ਭੂੰਗਾ-2 |
| 20 | ਸ਼੍ਰੀਮਤੀ ਬਲਵਿੰਦਰ ਕੌਰ | : | ਬੀ ਪੀ ਈ ਓ ਬਲਾਕ ਭੂੰਗਾ-1 ਅਤੇ ਹੁਸ਼ਿਆਰਪੁਰ 1 ਏ |
| 21 | ਸ਼੍ਰੀਮਤੀ ਸੁਮਿੱਤਰ ਕੌਰ | : | ਬੀ ਪੀ ਈ ਓ ਬਲਾਕ ਹੁਸ਼ਿਆਰਪੁਰ 1 ਬੀ |
| 22 | ਸ਼੍ਰੀ ਮਨਜੀਤ ਸਿੰਘ | : | ਜੇ.ਈ ਬਲਾਕ ਬੁੱਲੋਵਾਲ |

| | | | |
|---|---|---|---|
| 23 | ਸ਼੍ਰੀ ਦਿਨੇਸ਼ ਕੁਮਾਰ | : | **ਨੁਮਾਇੰਦਾ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ , ਹੁਸ਼ਿਆਰਪੁਰ 2 ਏ** |
| 24 | ਸ਼੍ਰੀ ਮਨੋਜ਼ ਕੁਮਾਰ | : | ਨੁਮਾਇੰਦਾ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਮੁਕੇਰੀਆਂ-1 |
| 25 | ਸ਼੍ਰੀ ਅਮਨਿੰਦਰ ਪਾਲ | : | ਡਾਟਾ ਐਂਟਰੀ ਅਪਰੇਟਰ ਬਲਾਕ ਭੂੰਗਾ-1 |
| 26 | ਸ਼੍ਰੀਮਤੀ ਨੀਲਮ ਸਾਂਗਾ | : | ਨੁਮਾਇੰਦਾ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਬਲਾਕ ਤਲਵਾੜਾ |
| 27 | ਸ਼੍ਰੀ ਹਰਵਿੰਦਰ ਸਿੰਘ | : | ਬੀ ਆਰ ਪੀ ਬਲਾਕ ਹੁਸ਼ਿਆਰਪੁਰ 2 ਏ |
| 28 | ਸ਼੍ਰੀ ਰੁਪਿੰਦਰ ਕੁਮਾਰ | : | ਡੀ.ਆਰ.ਪੀ ਸਿਵਲ ਵਰਕਸ |
| 29 | ਸ਼੍ਰੀ ਰਜਨੀਸ਼ ਕੁਮਾਰ | : | ਡੀ.ਆਰ.ਪੀ ਟੈਕਸ਼ਟ ਬੱਕਸ, ਸਸਅ |
| 30 | ਸ਼੍ਰੀਮਤੀ ਕੰਚਨ ਬਾਲਾ | : | ਏ.ਪੀ.ਸੀ (ਵਿੱਤ), ਸਸਅ |
| 31 | ਸ਼੍ਰੀਮਤੀ ਨਿਰਮਲਾ ਦੇਵੀ | : | ਏ.ਪੀ.ਸੀ (ਜ), ਸਸਅ |
| 32 | ਸ਼੍ਰੀ ਸੁਖਵਿੰਦਰ ਸਿੰਘ | : | ਆਰ ਐਸ ਟੀ, ਸਸਸਸ ਰੇਲਵੇ ਮੰਡੀ, ਹੁਸ਼ਿਆਰਪੁਰ |
| 33 | ਸ਼੍ਰੀਮਤੀ ਅੰਜੂ ਸੈਣੀ | : | ਡੀ.ਐਸ.ਈ, ਸਸਅ |
| 34 | ਸ਼੍ਰੀਮਤੀ ਮਨੂੰ ਬਾਲਾ | : | ਡਾਟਾ ਐਂਟਰੀ ਅਪਰੇਟਰ, ਮਿਡ ਡੇ ਮੀਲ |
| 35 | ਸ਼੍ਰੀਮਤੀ ਰਜਵਿੰਦਰ ਕੌਰ | : | ਨੁਮਾਇੰਦਾ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਬਲਾਕ ਗੜ੍ਹਸ਼ੰਕਰ-2 |
| 36 | ਸ਼੍ਰੀ ਅੰਕੁਰ ਸ਼ਰਮਾ | : | ਆਫਿਸ ਅਸਿਸਟੈਟ-ਕਮ-ਡਾਟਾ ਐਂਟਰੀ ਅਪਰੇਟਰ, ਸਸਅ |
| 37 | ਸ਼੍ਰੀ ਵਰੁਣ ਜੈਨ | : | ਆਫਿਸ ਅਸਿਸਟੈਟ-ਕਮ-ਡਾਟਾ ਐਂਟਰੀ ਅਪਰੇਟਰ, ਸਸਅ |
| 38 | ਸ਼੍ਰੀਮਤੀ ਦਵਿੰਦਰ ਕੌਰ | : | ਆਫਿਸ ਅਸਿਸਟੈਟ-ਕਮ-ਡਾਟਾ ਐਂਟਰੀ ਅਪਰੇਟਰ, ਸਸਅ |

**ਵਿੱਤ:** ਸਾਲ 2014-15 ਦੌਰਾਨ ਮਾਨਯੋਗ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਮੋਹਾਲੀ (ਅਜੀਤਗੜ੍ਹ) ਜੀ ਦੇ ਦਫਤਰ ਤੋਂ 356805309/- ਰੁ. ਪ੍ਰਾਪਤ ਹੋਏ ਹਨ। ਜਿਸ ਵਿੱਚੋਂ 343422956/- ਰੁ. ਦੀ ਰਾਸ਼ੀ ਖਰਚ ਹੋ ਚੁੱਕੀ ਹੈ ਅਤੇ 13382353/- ਰੁ. ਦੀ ਰਾਸ਼ੀ ਬਲਾਕ ਪੱਧਰ ਤੇ ਕੰਮ ਕਰ ਰਹੇ ਸਿੱਖਿਆ ਕਰਮੀਆਂ ਦੀ ਮਹੀਨਾਵਾਰ ਤਨਖਾਹ ਅਤੇ ਸਰਵ ਸਿੱਖਿਆ ਅਭਿਆਨ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਦੀ ਮਹੀਨਾਵਾਰ ਤਨਖਾਹਾਂ, ਜ਼ਿਲ੍ਹਾ ਪੱਧਰ ਤੇ ਸਕੂਲਾਂ ਦੇ ਨਿਰੀਖਣ ਸਬੰਧੀ ਟੀ.ਏ, ਡੀ.ਏ ਅਤੇ ਸਵੱਛ ਭਾਰਤ ਅਧੀਨ ਸੇਪਰੇਟ ਟਾਇਲਟ ਦੇ ਕੁਝ ਫੰਡ ਬਕਾਇਆ ਪਿਆ ਹੈ।

## ਟੈਕਸਟ ਬੁੱਕ

ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਾਲ 2015-16 ਅਧੀਨ ਸਕੂਲਾਂ ਵੱਲੋ ਕੀਤੀ ਗਈ ਡਿਮਾਂਡ ਮੁਤਾਬਿਕ ਪ੍ਰਾਇਮਰੀ ਪੱਧਰ ਤੇ (ਪਹਿਲੀ ਤੋਂ ਪੰਜਵੀ ਜਮਾਤ ਤੱਕ) ਦੀ ਕੁੱਲ ਕਿਤਾਬਾਂ ਦੀ ਡਿਮਾਂਡ 68795 ਅਤੇ ਅੱਪਰ ਪ੍ਰਾਇਮਰੀ ਪੱਧਰ ਤੇ (ਛੇਵੀ ਤੋ ਅਠਵੀ ) ਦੀ ਕੁੱਲ ਡਿਮਾਂਡ 43919 ਹੈ। ਜਿਸ ਵਿਚੋਂ ਵੈਲਫੇਅਰ ਵਿਭਾਗ ਵੱਲੋਂ ਪਹਿਲੀ ਤੋਂ ਪੰਜਵੀ ਜਮਾਤ ਤੱਕ 36342 ਅਤੇ ਸਰਵ ਸਿੱਖਿਆ ਅਭਿਆਨ ਤਹਿਤ 33943 ਬੱਚਿਆਂ ਨੂੰ ਕਿਤਾਬਾਂ ਦਿੱਤੀਆਂ ਜਾਣੀਆ ਹਨ। ਇਸੇ ਤਰ੍ਹਾਂ ਜਮਾਤ ਛੇਵੀਂ ਤੋਂ ਅੱਠਵੀਂ ਤੱਕ ਵੈਲਫੇਅਰ ਵਿਭਾਗ ਵੱਲੋਂ 23274 ਬੱਚਿਆਂ ਨੂੰ ਅਤੇ ਸਰਵ ਸਿੱਖਿਆ ਅਭਿਆਨ ਵੱਲੋ 23420 ਬੱਚਿਆਂ ਨੂੰ ਮੁਫਤ ਕਿਤਾਬਾਂ ਦਿਤੀਆਂ ਜਾਣੀਆ **ਹਨ।** ਨੌਵੀ ਅਤੇ ਦੱਸਵੀਂ ਜਮਾਤ ਦੇ ਸਿਰਫ ਐਸ ਸੀ 26918 ਬੱਚਿਆਂ ਨੂੰ ਵੈਲਫੇਅਰ ਵਿਭਾਗ ਵੱਲੋਂ ਮੁਫਤ ਕਿਤਾਬਾਂ ਮੁਹੱਈਆਂ

ਕਰਵਾਈਆਂ ਜਾਣੀਆ ਹਨ। ਜਮਾਤ ਪਹਿਲੀ ਤੋਂ ਜਮਾਤ ਪੰਜਵੀ ਤੱਕ ਜਿਲ੍ਹੇ ਦੇ ਸਮੂਹ ਬਲਾਕਾਂ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਖੇਤਰੀ ਦਫਤਰ ਵੱਲੋਂ ਕਿਤਾਬਾਂ ਦੀ ਸਪਲਾਈ ਕਰ ਦਿੱਤੀ ਗਈ ਹੈ। ਛੇਵੀ ਜਮਾਤ ਤੋਂ ਦਸਵੀਂ ਜਮਾਤ ਤੱਕ ਕਿਤਾਬਾਂ ਦੀ ਸਪਲਾਈ ਬੋਰਡ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ। ਕਿਤਾਬਾਂ ਪਹੁੰਚਾਉਣ ਦਾ ਕੰਮ ਬਲਾਕ ਪੱਧਰ ਤੋਂ ਸਕੂਲ ਪੱਧਰ ਤੱਕ ਜਲਦ ਹੀ ਸ਼ੁਰੂ ਕਰ ਦਿੱਤਾ ਜਾਵੇਗਾ।

ਪ੍ਰਧਾਨ ਜੀ ਨੇ ਕਿਹਾ ਕਿ ਮਿਤੀ: 01.04.2015 ਨੂੰ ਸ਼ੁਰੂ ਹੋਣ ਜਾ ਰਹੇ ਨਵੇਂ ਸ਼ੈਸ਼ਨ ਲਈ ਹਰੇਕ ਬੱਚੇ ਨੂੰ ਕਿਤਾਬਾਂ ਪਹੁੰਚਾ ਦਿੱਤੀਆਂ ਜਾਣ।

## ਆਈ.ਈ.ਡੀ ਕੰਪੋਨੈਂਟ (ਇੰਨਕਲੂਜਿਵ ਐਜੂਕੇਸ਼ਨ ਫਾਰ ਡਿੱਸਏਬਲਡ

### ਰਿਸੋਰਸ ਰੂਮ

ਜਿਲ੍ਹੇ ਦੇ ਰਿਸੋਰਸ ਰੂਮਾਂ ਵਿੱਚ ਚਨੌਤੀ ਗ੍ਰਸਤ ਬੱਚਿਆਂ ਨੂੰ ਪੜ੍ਹਾਉਣ ਲਈ 32 ਆਈ.ਈ.ਆਰ.ਟੀਜ ਅਤੇ 89 ਆਈ.ਈ.ਵੀਜ ਕੰਮ ਕਰ ਰਹੇ ਹਨ। ਜਿਲ੍ਹੇ ਵਿੱਚ 87 ਰਿਸੋਰਸ ਰੂਮ ਚਲ ਰਹੇ ਹਨ। ਜਿਹਨਾਂ ਵਿਚੋ 86 ਰਿਸੋਰਸ ਰੂਮ ਵੱਖ ਵੱਖ ਸਕੂਲਾਂ ਵਿੱਚ ਚਲ ਰਹੇ ਹਨ ਅਤੇ ਇੱਕ ਸਪੈਸ਼ਲ ਰਿਸੋਰਸ ਰੂਮ ਐਸ.ਆਰ.ਸੀ ਰੇਲਵੇ ਮੰਡੀ ਵਿਖੇ ਚਲ ਰਿਹਾ ਹੈ। ਜਿਹੜੇ ਚਨੌਤੀ ਗ੍ਰਸਤ ਬੱਚੇ Severe and Profound ਕੈਟਾਗਰੀ ਦੇ ਹਨ। ਉਨ੍ਹਾਂ ਨੂੰ ਘਰੋ-ਘਰੀ ਹੋਮਬੇਸਡ ਐਜੂਕੇਸ਼ਨ ਨਾਲ ਆਈ.ਈ.ਆਰ.ਟੀਜ ਦੁਆਰਾ ਸਿੱਖਿਅਤ ਕੀਤਾ ਜਾ ਰਿਹਾ ਹੈ।

### ਸਰਜਰੀ

ਓ.ਆਈ., ਸੀ.ਪੀ (Ortho impaired and Cerebral Palsy) 13 ਬੱਚਿਆਂ ਦੀਆਂ ਸਰਜਰੀਆਂ ਉਬਰਾਏ ਹਸਪਤਾਲ ਜਲੰਧਰ ਵਿਖੇ ਹੋ ਗਈਆਂ ਹਨ ਅਤੇ ਬਾਕੀ ਸਰਜਰੀਆਂ ਡਾਕਟਰ ਵੱਲੋਂ ਮਿਤੀ ਮਿਲਣ ਤੇ ਕਰਵਾਈਆਂ ਜਾ ਰਹੀਆਂ ਹਨ।

ਪ੍ਰਧਾਨ ਜੀ ਨੇ ਕਿਹਾ ਕਿ ਬਲਾਕ ਲੈਵਲ ਤੇ ਕੈਪ ਲਗਾ ਕੇ ਅੰਗਹੀਣਤਾ ਸਰਟੀਫਿਕੇਟ ਪਹਿਲ ਦੇ ਅਧਾਰ ਤੇ ਬਣਾਏ ਜਾਣ।

## ਐਸ.ਟੀ.ਆਰ (ਸਪੈਸ਼ਲ ਟ੍ਰੇਨਿੰਗ)

ਸਪੈਸ਼ਲ ਟ੍ਰੇਨਿੰਗ ਅਧੀਨ ਸਾਲ 2014-15 ਲਈ ਸਕੂਲੋਂ ਵਿਰਵੇ ਬੱਚਿਆਂ ਦਾ ਸਰਵੇਖਣ ਸਕੂਲ ਅਧਿਆਪਕਾਂ ਦੁਆਰਾ ਕਰਵਾਇਆ ਗਿਆ ਸੀ। ਜਿਸ ਵਿੱਚ 6-7 ਆਯੂ ਗੁੱਟ ਦੇ 130 ਬੱਚੇ ਸਕੂਲਾਂ ਵਿੱਚ ਦਾਖਲ ਕਰਵਾਏ ਗਏ ਹਨ ਅਤੇ 7-14 ਆਯੂ ਗੁੱਟ ਦੇ 461 ਬੱਚਿਆਂ ਨੂੰ ਸਪੈਸ਼ਲ ਟ੍ਰੇਨਿੰਗ ਸਕੂਲ ਅਧਿਆਪਕਾਂ ਦੁਆਰਾ ਦਿੱਤੀ ਜਾ ਰਹੀ ਹੈ। ਮਿਤੀ: 01.04.2015 ਨੂੰ ਇਨ੍ਹਾਂ ਬੱਚਿਆਂ ਨੂੰ ਉਮਰ ਦੇ ਹਿਸਾਬ ਨਾਲ ਸਕੂਲਾਂ ਵਿੱਚ ਯੋਗ ਜਮਾਤ ਵਿੱਚ ਦਾਖਲ ਕਰਵਾ ਦਿੱਤਾ ਜਾਵੇਗਾ। ਇਨ੍ਹਾਂ ਬੱਚਿਆਂ ਵਾਸਤੇ 10,01,750 ਰੁ. ਮਾਨਯੋਗ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਜੀਤਗੜ੍ਹ ਜੀ ਦੇ ਦਫਤਰ ਤੋਂ ਪ੍ਰਾਪਤ ਹੋਏ ਹਨ ਜਿਸ ਵਿੱਚੋ ਬਲਾਕ ਪੱਧਰ ਤੇ ਮਿਤੀ: 10.03.2015 ਤੱਕ 7,90,800/- ਰੁ. ਖਰਚ ਹੋ ਚੁੱਕੇ ਹਨ।

ਸਾਲ 2015-16 ਦੀ ਸਲਾਨਾ ਯੋਜਨਾ ਤਿਆਰ ਕਰਨ ਵਾਸਤੇ ਪੰਜਾਬ ਰਾਜ ਵਿੱਚ 6-14 ਸਾਲ ਦੇ ਸਕੂਲੋਂ ਵਿਰਵੇ ਬੱਚਿਆਂ ਦੀ ਸ਼ਨਾਖਤ ਕੀਤੀ ਗਈ ਹੈ, ਜਿਸ ਵਿੱਚ ਆਯੂ ਗੁੱਟ 6-7 ਸਾਲ ਦੇ 41 ਬੱਚੇ ਅਤੇ ਆਯੂ ਗੁੱਟ 7-14 ਸਾਲ ਦੇ 249 ਬੱਚੇ ਸ਼ਨਾਖਤ ਕੀਤੇ ਗਏ ਹਨ। ਇਹਨ੍ਹਾਂ ਬੱਚਿਆਂ ਨੂੰ ਮਿਤੀ: 01.04.2015 ਨੂੰ ਸਪੈਸ਼ਲ

ਟ੍ਰੇਨਿੰਗ ਅਧੀਨ ਸਪੈਸ਼ਲ ਟ੍ਰੇਨਿੰਗ ਕੇਂਦਰਾਂ ਵਿੱਚ ਦਾਖਲ ਕਰਵਾਇਆ ਜਾਣਾ ਹੈ ਪਰ ਜ਼ਿਲ੍ਹੇ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਨੂੰ ਪੱਤਰ ਭੇਜ ਕੇ ਹਦਾਇਤ ਕੀਤੀ ਗਈ ਹੈ ਕਿ ਸਰਵੇ ਵਿੱਚ ਸ਼ਨਾਖਤ ਕੀਤੇ ਗਏ ਬੱਚਿਆਂ ਨੂੰ ਹੁਣ ਤੋਂ ਹੀ ਸਕੂਲਾਂ ਵਿੱਚ ਲਿਆਦਾ ਜਾਵੇ।

ਪ੍ਰਧਾਨ ਜੀ ਨੇ ਕਿਹਾ ਕਿ ਭੱਠਿਆ ਤੇ ਰਹਿ ਰਹੇ ਪਰਿਵਾਰਾਂ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਜਿਹਨਾਂ ਬੱਚਿਆਂ ਨੂੰ ਸਕੂਲਾਂ ਵਿੱਚ ਸਪੈਸ਼ਲ ਟ੍ਰੇਨਿੰਗ ਦਿੱਤੀ ਜਾ ਰਹੀ ਹੈ, ਉਨ੍ਹਾਂ ਬੱਚਿਆਂ ਨੂੰ ਮਿਤੀ: 01.04.2015 ਨੂੰ ਉਮਰ ਦੇ ਹਿਸਾਬ ਨਾਲ ਯੋਗ ਜਮਾਤ ਵਿੱਚ ਦਾਖਲ ਕਰਵਾ ਦਿੱਤਾ ਜਾਵੇ।

## ਵਰਦੀਆਂ ਸਾਲ 2014-15

ਸਾਲ 2014-15 ਦੌਰਾਨ ਸਰਵ ਸਿੱਖਿਆ ਅਭਿਆਨ ਅਧੀਨ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਵਰਦੀਆਂ ਸਬੰਧੀ ਕੁੱਲ 96043 ਬੱਚਿਆਂ ਦੇ 400 ਰੁ. ਪ੍ਰਤੀ ਬੱਚੇ ਦੇ ਹਿਸਾਬ ਨਾਲ 3,84,17,200/- ਰੁ. ਪ੍ਰਾਪਤ ਹੋਏ ਹਨ, ਜਿਸ ਵਿੱਚ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਵਿੱਚ ਪੜ੍ਹਦੀਆਂ ਸਾਰੀਆਂ ਲੜਕੀਆਂ ਜਿਨ੍ਹਾਂ ਦੀ ਗਿਣਤੀ 52849, ਐਸ.ਸੀ ਲੜਕੇ ਜਿਨ੍ਹਾਂ ਦੀ ਗਿਣਤੀ 32629 ਅਤੇ ਬੀ ਪੀ ਐਲ ਲੜਕੇ ਜਿਨ੍ਹਾਂ ਦੀ ਗਿਣਤੀ 10565 ਹੈ, ਕੁੱਲ 96043 ਬੱਚਿਆਂ ਵਿੱਚੋ 94551 ਬੱਚਿਆਂ ਨੂੰ ਵਰਦੀਆਂ ਮੁਹੱਈਆਂ ਕਰਵਾਈਆ ਜਾ ਚੁੱਕੀਆ ਹਨ। ਜਿਲ੍ਹਾ ਹੁਸ਼ਿਆਰਪੁਰ ਵਿੱਚ ਉਪਰੋਕਤ ਅਨੁਸਾਰ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਤੱਕ ਦੇ ਸਾਰੇ ਬੱਚਿਆਂ ਨੂੰ ਵਰਦੀਆਂ ਮੁਹੱਈਆਂ ਕਰਵਾ ਦਿੱਤੀਆਂ ਗਈਆਂ ਹਨ।

ਪ੍ਰਧਾਨ ਜੀ ਨੇ ਕਿਹਾ ਕਿ ਕੋਈ ਵੀ ਬੱਚਾ ਵਰਦੀਆਂ ਤੋਂ ਵਾਂਝਾ ਨਾ ਰਹੇ। ਇਸ ਗੱਲ ਦਾ ਪੂਰਾ ਧਿਆਨ ਰੱਖਿਆ ਜਾਵੇ।

## ਪ੍ਰੋਜੈਕਟ ਪ੍ਰਵੇਸ਼

ਪੰਜਾਬ ਸਿੱਖਿਆ ਵਿਭਾਗ ਵੱਲੋਂ ਪ੍ਰਾਇਮਰੀ ਵਿੱਦਿਆ ਸੁਧਾਰ ਪ੍ਰੋਗਰਾਮ ਤਹਿਤ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਪ੍ਰਵੇਸ਼ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। ਜਿਸ ਤਹਿਤ ਮਿਤੀ: 13.03.2015 ਤੋਂ ਐਸ.ਏ-2 ਪ੍ਰੀਖਿਆ ਪਹਿਲੀ ਤੋਂ ਪੰਜਵੀ ਸ਼ੁਰੂ ਹੋ ਗਈ ਹੈ। ਸਰਵ ਸਿੱਖਿਆ ਅਭਿਆਨ ਵੱਲੋਂ ਸਾਲ 2015-16 ਵਿੱਦਿਅਕ ਸਾਲ ਲਈ ਦਾਖਲਾ ਵਧਾਉਣ ਹਿੱਤ ਸਮੂਹ ਸਕੂਲਾਂ ਨੂੰ ਉਪਰਾਲੇ ਕਰਨ ਲਈ ਕਿਹਾ ਗਿਆ ਹੈ। ਮਿਤੀ: 31.03.2015 ਨੂੰ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਮਾਪੇ ਅਧਿਆਪਕ ਮਿਲਣੀ ਕਰਵਾਈ ਜਾ ਰਹੀ ਹੈ।

ਪ੍ਰਧਾਨ ਜੀ ਨੇ ਕਿਹਾ ਕਿ ਮਾਪੇ ਅਧਿਆਪਕ ਮਿਲਣੀ ਜੋ ਮਿਤੀ: 31.03.2015 ਨੂੰ ਹੋਣੀ ਹੈ। ਇਸ ਵਿੱਚ ਬੱਚਿਆਂ ਦੀ ਕਾਰਗੁਜਾਰੀ ਮਾਪਿਆ ਨੂੰ ਦੱਸੀ ਜਾਵੇ।

## ਆਰ.ਟੀ.ਈ. ਅਤੇ ਸਕੂਲ ਮੈਨੇਜਿੰਗ ਕਮੇਟੀ

ਜ਼ਿਲ੍ਹੇ ਵਿੱਚ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ, ਸੈਕੰਡਰੀ ਅਤੇ ਏਡਿਡ 1799 ਸਕੂਲ ਹਨ। ਜਿਨ੍ਹਾਂ ਦੀਆਂ ਸਕੂਲ ਮੈਨੇਜਿੰਗ ਕਮੇਟੀਆਂ ਬਣ ਚੁੱਕੀਆਂ ਹਨ। ਜੋ ਕਿ 31 ਮਾਰਚ, 2016 ਤੱਕ ਕੰਮ ਕਰਨਗੀਆਂ ਕਿਉਂਕਿ ਆਰ.ਟੀ.ਈ ਅਧੀਨ ਕਮੇਟੀਆਂ ਦੀ ਮਿਆਦ 2 ਸਾਲ ਦੀ ਹੈ। ਮੁੱਖ ਦਫਤਰ ਦੀਆਂ ਹਦਾਇਤਾਂ ਅਨੁਸਾਰ

ਨਾਨ-ਰੈਜੇਡੈਂਸ਼ੀਅਨ ਟ੍ਰੇਨਿੰਗਾਂ ਮਿਤੀ: 28.02.2015, ਮਿਤੀ: 07.03.2015 ਅਤੇ ਮਿਤੀ: 21.03.2015 ਨੂੰ ਕਰਵਾਈਆਂ ਜਾ ਚੁੱਕੀਆਂ ਹਨ।

ਹੁਸ਼ਿਆਰਪੁਰ ਜਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਆਰ.ਟੀ.ਈ ਐਕਟ 2009 ਲਾਗੂ ਹੈ। 10 ਪ੍ਰਾਈਵੇਟ ਸਕੂਲ ਨਵੇਂ ਹਨ, ਜਿਨ੍ਹਾਂ ਵਿੱਚੋਂ 08 ਸਕੂਲਾਂ ਦਾ ਨਿਰੀਖਣ ਕੀਤਾ ਜਾ ਚੁੱਕਾ ਹੈ।

ਪ੍ਰਧਾਨ ਜੀ ਨੇ ਕਿਹਾ ਕਿ ਜਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਆਰ.ਟੀ.ਈ 2009 ਲਾਗੂ ਦੇ ਪੈਰਾਮੀਟਰਾਂ ਦਾ ਧਿਆਨ ਰੱਖਿਆ ਜਾਵੇ।

## ਜ਼ਿਲ੍ਹੇ ਦੇ ਪ੍ਰਾਇਮਰੀ ਸਕੂਲਾਂ ਦੇ ਪਾਣੀ ਦੇ ਸੈਪਲਾਂ ਦੀ ਟੈਸਟਿੰਗ ਰਿਪੋਰਟ

ਜ਼ਿਲ੍ਹੇ ਵਿੱਚ ਕੁੱਲ 1266 ਪ੍ਰਾਇਮਰੀ ਸਕੂਲ ਹਨ। ਜਿਨ੍ਹਾਂ ਵਿੱਚੋਂ ਕ੍ਰਮਵਾਰ 1180 ਪ੍ਰਾਇਮਰੀ ਸਕੂਲਾਂ ਦੇ ਪਾਣੀ ਦੇ ਸੈਪਲਾਂ ਦੀ ਟੈਸਟਿੰਗ ਹੋ ਚੁੱਕੀ ਹੈ। 53 ਪ੍ਰਾਇਮਰੀ ਸਕੂਲਾਂ ਦੇ ਪਾਣੀ ਦੇ ਸੈਪਲ ਫੇਲ ਪਾਏ ਗਏ ਹਨ। ਜਿਸ ਵਿੱਚ ਕਿ ਪਾਣੀ ਦੀ Hardness, Calcium and Alkeline ਦੀ ਮਾਤਰਾ ਜਿਆਦਾ ਪਾਈ ਗਈ ਹੈ।

ਪ੍ਰਧਾਨ ਜੀ ਨੇ ਕਿਹਾ ਕਿ ਜਿਨ੍ਹਾਂ ਸਕੂਲਾਂ ਦੇ ਸੈਪਲ ਫੇਲ ਹੋਏ ਹਨ, ਉਨ੍ਹਾਂ ਸਕੂਲਾਂ ਲਈ ਪੀਣ ਯੋਗ ਪਾਣੀ ਦਾ ਪ੍ਰਬੰਧ ਕਰਨ ਲਈ ਉਪਰਾਲੇ ਕੀਤੇ ਜਾਣ।

## ਸਿਵਲ ਵਰਕਸ

**ਸਾਲ 2012-13 ਦੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-**

1. **ਨਿਊ ਅਪਰ ਪ੍ਰਾਇਮਰੀ ਇਮਾਰਤ @ 22.00 ਲੱਖ ਰੁ** :- 01 ਨਿਊ ਅਪਰ ਪ੍ਰਾਇਮਰੀ ਇਮਾਰਤ ਲਈ 22.00 ਲੱਖ ਰੁ ਪ੍ਰਾਪਤ ਹੋਏ ਹਨ। ਇਸ ਵਿੱਚੋਂ 22.00 ਲੱਖ ਰੁ. ਖਰਚ ਹੋ ਚੁੱਕਾ ਹੈ। ਨਿਊ ਅਪਰ ਪ੍ਰਾਇਮਰੀ ਇਮਾਰਤ ਦਾ ਕੰਮ ਮੁਕੰਮਲ ਹੋ ਚੁੱਕਾ ਹੈ।
2. **ਗਰਲਜ਼ ਟਾਇਲਟ ਸੁਵਿਧਾ @ 1.97 ਲੱਖ ਰੁ.** :- 47 ਗਰਲਜ਼ ਟਾਇਲਟ ਲਈ 92.59 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 92.59 ਲੱਖ ਰੁ. ਖਰਚ ਹੋ ਚੁੱਕਾ ਹੈ। 47 ਗਰਲਜ਼ ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।
3. **ਸੀ ਡਬਲਯੂਐਸਐਨ ਸੁਵਿਧਾ @ 0.76 ਲੱਖ ਰੁ.** :- 10 ਸੀ ਡਬਲਯੂਐਸਐਨ ਟਾਇਲਟ ਲਈ 7.60 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋ 7.60 ਲੱਖ ਰੁ. ਖਰਚ ਹੋ ਚੁੱਕਾ ਹੈ। 10 ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।
4. **ਅਡੀਸ਼ਨਲ ਕਲਾਸਰੂਮ (ਅਰਬਨ) @ 5.20 ਲੱਖ ਰੁ.** 13 ਅਡੀਸ਼ਨਲ ਕਲਾਸ ਰੂਮਾਂ (ਅਰਬਨ) ਲਈ 67.60 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 67.60 ਲੱਖ ਰੁ. ਖਰਚ ਹੋ ਚੁੱਕਾ ਹੈ। 13 ਅਡੀਸ਼ਨਲ ਕਲਾਸਰੂਮ (ਅਰਬਨ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।
5. **ਅਡੀਸ਼ਨਲ ਕਲਾਸਰੂਮ (ਰੂਰਲ) @ 5.20 ਲੱਖ ਰੁ.** 42 ਅਡੀਸ਼ਨਲ ਕਲਾਸ ਰੂਮਾਂ (ਰੂਰਲ) ਲਈ 218.40 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 218.40 ਲੱਖ ਰੁ. ਖਰਚ ਹੋ ਚੁੱਕਾ ਹੈ। 42 ਅਡੀਸ਼ਨਲ ਕਲਾਸਰੂਮ (ਰੂਰਲ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

6. **ਹੈਡ ਮਾਸਟਰ ਰੂਮ (ਪ੍ਰਾਇਮਰੀ) @ 3.27 ਲੱਖ ਰੁ.** :- 09 ਹੈਡ ਮਾਸਟਰ ਰੂਮ ਪ੍ਰਾਇਮਰੀ ਲਈ 29.43 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 29.43 ਲੱਖ ਰੁ. ਖਰਚ ਹੋ ਚੁੱਕਾ ਹੈ। 09 ਹੈਡ ਮਾਸਟਰ ਰੂਮ ਪ੍ਰਾਇਮਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

7. **ਚਾਰ ਦੀਵਾਰੀ @ 0.0425 ਲੱਖ ਰੁ.** :- 772 ਮੀਟਰ ਚਾਰਦੀਵਾਰੀ ਲਈ 32.81 ਲੱਖ ਰੁ.ਪ੍ਰਾਪਤ ਹੋਇਆ ਹੈ।ਇਸ ਵਿੱਚੋ 32.81 ਲੱਖ ਰੁ. ਖਰਚ ਹੋ ਚੁੱਕੇ ਹਨ। 772 ਮੀਟਰ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

8. **ਚਾਰ ਦੀਵਾਰੀ @ 0.0345 ਲੱਖ ਰੁ.** :- 81884 ਮੀਟਰ ਚਾਰਦੀਵਾਰੀ ਲਈ 2824.99800 ਲੱਖ ਰੁ.ਪ੍ਰਾਪਤ ਹੋਇਆ ਹੈ।ਇਸ ਵਿੱਚੋ 2813.08626 ਲੱਖ ਰੁ. ਖਰਚ ਹੋ ਚੁੱਕੇ ਹਨ। 81538.732 ਮੀਟਰ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ। 345.2680 ਮੀਟਰ ਚਾਰਦੀਵਾਰੀ ਵਿੱਚੋ 238.79540 ਮੀਟਰ ਚਾਰਦੀਵਾਰੀ ਦੀ ਗ੍ਰਾਂਟ ਹੋਰ ਲੋੜਵੰਦ ਸਕੂਲਾਂ ਨੂੰ ਸ਼ਿਫਟ ਕਰਨ ਲਈ ਤਜਵੀਜ਼ ਹੈਡ ਆਫਿਸ ਮੋਹਾਲੀ ਵਿਖੇ ਭੇਜੀ ਹੋਈ ਹੈ।ਇਸ ਵਿੱਚੋਂ 77 ਮੀਟਰ ਚਾਰਦੀਵਾਰੀ ਦੀ ਗ੍ਰਾਂਟ ਵਾਪਸ ਲੈਣੀ ਹੈ। 29.4726 ਮੀਟਰ ਚਾਰਦੀਵਾਰੀ ਦੀ ਗ੍ਰਾਂਟ ਜ਼ਿਲ੍ਹੇ ਵਿੱਚ ਵਾਪਸ ਆ ਚੁੱਕੀ ਹੈ।ਸਾਰੀ ਗ੍ਰਾਂਟ ਵਾਪਸ ਆਉਣ ਤੇ ਇਹ ਗ੍ਰਾਂਟ ਸ਼ਿਫਟ ਕਰਨ ਦੀ ਤਜਵੀਜ਼ ਬਣਾ ਕੇ ਮਨਜ਼ੂਰੀ ਲਈ ਹੈਡ ਆਫਿਸ ਮੋਹਾਲੀ ਵਿਖੇ ਭੇਜੀ ਗਈ ਹੈ। ਇਹ ਗ੍ਰਾਂਟ ਸਅਸ ਕੂੰਟਾਂ ਵੱਲੋ ਵਾਪਸ ਨਹੀਂ ਕੀਤੀ ਜਾ ਰਹੀ ਹੈ।

9. **ਮੇਜਰ ਰਿਪੇਅਰ (ਪ੍ਰਾਇਮਰੀ)** :- 45 ਸਕੂਲਾਂ ਲਈ 73.60 ਲੱਖ ਰੁ. ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਇਸ ਵਿੱਚੋਂ 73.60 ਲੱਖ ਰੁ. ਖਰਚ ਹੋ ਚੁੱਕੇ ਹਨ। 45 ਮੇਜਰ ਰਿਪੇਅਰ ਪ੍ਰਾਇਮਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

10. **ਮੇਜਰ ਰਿਪੇਅਰ (ਅਪਰ ਪ੍ਰਾਇਮਰੀ)** :- 13 ਸਕੂਲਾਂ ਲਈ 28.53014 ਲੱਖ ਰੁ. ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਇਸ ਵਿੱਚੋਂ 28.53014 ਲੱਖ ਰੁ. ਖਰਚ ਹੋ ਚੁੱਕੇ ਹਨ। 13 ਮੇਜਰ ਰਿਪੇਅਰ ਅਪਰ ਪ੍ਰਾਇਮਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

11. **ਰੈਂਪ ਹੈਂਡਰੇਲ ਸਮੇਤ @ 0.15 ਲੱਖ ਰੁ:-** 53 ਰੈਪਸ ਲਈ 7.95 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 7.95 ਲੱਖ ਰੁ. ਖਰਚ ਹੋ ਚੁੱਕਾ ਹੈ। 53 ਸਕੂਲਾਂ ਵਿੱਚ ਕੰਮ ਮੁਕੰਮਲ ਹੋ ਚੁੱਕਾ ਹੈ।

**ਸਾਲ 2013-14 ਦੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-**

1. **ਗਰਲਜ਼ ਟਾਇਲਟ ਸੁਵਿਧਾ @ 1.97 ਲੱਖ ਰੁ.** :- 41 ਗਰਲਜ਼ ਟਾਇਲਟ ਲਈ 80.77 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 80.77 ਲੱਖ ਰੁ. ਖਰਚ ਹੋ ਚੁੱਕਾ ਹੈ। 41 ਗਰਲਜ਼ ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

2. **ਟਾਇਲਟ ਰਿਪੇਅਰ:-** 03 ਟਾਇਲਟ ਰਿਪੇਅਰ ਲਈ 0.798 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 0.798 ਲੱਖ ਰੁ. ਖਰਚ ਹੋ ਚੁੱਕਾ ਹੈ। 03 ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

3. **ਅਡੀਸ਼ਨਲ ਕਲਾਸਰੂਮ (ਅਰਬਨ) @ 5.20 ਲੱਖ ਰੁ.** 03 ਅਡੀਸ਼ਨਲ ਕਲਾਸ ਰੂਮਾਂ (ਅਰਬਨ) ਲਈ 15.60 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 15.60 ਲੱਖ ਰੁ. ਖਰਚ ਹੋ ਚੁੱਕਾ ਹੈ। 03 ਅਡੀਸ਼ਨਲ ਕਲਾਸਰੂਮ (ਅਰਬਨ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

4. **ਅਡੀਸ਼ਨਲ ਕਲਾਸਰੂਮ (ਰੂਰਲ) @ 5.20 ਲੱਖ ਰੁ.** 31 ਅਡੀਸ਼ਨਲ ਕਲਾਸ ਰੂਮਾਂ (ਰੂਰਲ) ਲਈ 161.20 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 161.20 ਲੱਖ ਰੁ. ਖਰਚ ਹੋ ਚੁੱਕਾ ਹੈ। 31 ਅਡੀਸ਼ਨਲ ਕਲਾਸਰੂਮ (ਰੂਰਲ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

5. **ਚਾਰ ਦੀਵਾਰੀ @ 0.0345 ਲੱਖ ਰੁ.** :- 1103 ਮੀਟਰ ਚਾਰਦੀਵਾਰੀ ਲਈ 38.05350 ਲੱਖ ਰੁ.ਪ੍ਰਾਪਤ ਹੋਇਆ ਹੈ।ਇਸ ਵਿੱਚੋ 38.05350 ਲੱਖ ਰੁ. ਖਰਚ ਹੋ ਚੁੱਕੇ ਹਨ। 1103 ਮੀਟਰ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

## ਸਾਲ 2014-15 ਦੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. **ਗਰਲਜ਼ ਟਾਇਲਟ ਸੁਵਿਧਾ @ 1.133 ਲੱਖ ਰੁ.** :- 09 ਗਰਲਜ਼ ਟਾਇਲਟ ਲਈ 10.197 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 8.898 ਲੱਖ ਰੁ. ਖਰਚ ਹੋ ਚੁੱਕਾ ਹੈ। 06 ਸਕੂਲਾਂ ਵਿੱਚ ਗਰਲਜ਼ ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ। 02 ਸਕੂਲਾਂ ਵਿੱਚ ਗਰਲਜ਼ ਟਾਇਲਟ ਦਾ ਕੰਮ ਚਲ ਰਿਹਾ ਹੈ। 01 ਸਕੂਲ ਸਅਸ ਢੁਲਾਲ ਬਲਾਕ ਤਲਵਾੜਾ ਦਾ ਪੰਚਾਇਤੀ ਪੱਧਰ ਤੇ ਝੱਗੜਾ ਹੋਣ ਕਾਰਨ ਇਸ ਸਕੂਲ ਵਿੱਚ ਕੰਮ ਸ਼ੁਰੂ ਨਹੀਂ ਹੋ ਸਕਿਆ ਹੈ। ਜਿਸ ਸਬੰਧੀ ਮਾਨਯੋਗ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਨੂੰ ਬੇਨਤੀ ਕੀਤੀ ਗਈ ਸੀ, ਉਨ੍ਹਾਂ ਵੱਲੋਂ ਸਬੰਧਤ ਡੀ.ਡੀ.ਪੀ.ਓ ਨੂੰ ਇਸ ਮਸਲੇ ਨੂੰ ਹੱਲ ਕਰਵਾਉਣ ਲਈ ਲਿੱਖ ਦਿੱਤਾ ਹੈ।
2. **ਅਡੀਸ਼ਨਲ ਕਲਾਸਰੂਮ (ਅਰਬਨ) @ 5.50 ਲੱਖ ਰੁ.** 01 ਅਡੀਸ਼ਨਲ ਕਲਾਸ ਰੂਮ (ਅਰਬਨ) ਲਈ 5.50 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 4.00 ਲੱਖ ਰੁ. ਖਰਚ ਹੋ ਚੁੱਕਾ ਹੈ, ਉਸਾਰੀ ਦਾ ਕੰਮ ਚਲ ਰਿਹਾ ਹੈ।
3. **ਅਡੀਸ਼ਨਲ ਕਲਾਸਰੂਮ (ਰੂਰਲ) @ 5.50 ਲੱਖ ਰੁ.** 22 ਅਡੀਸ਼ਨਲ ਕਲਾਸ ਰੂਮਾਂ (ਰੂਰਲ) ਲਈ 121.00 ਲੱਖ ਰੁ. ਪ੍ਰਾਪਤ ਹੋਇਆ ਹੈ। ਜਿਸ ਵਿੱਚੋਂ 40.55 ਲੱਖ ਰੁ. ਖਰਚ ਹੋ ਚੁੱਕਾ ਹੈ। 01 ਅਡੀਸ਼ਨਲ ਕਲਾਸਰੂਮ (ਰੂਰਲ) ਦਾ ਕੰਮ ਮੁਕੰਮਲ ਹੋ ਚੁੱਕਾ ਹੈ। 21 ਅਡੀਸ਼ਨਲ ਕਲਾਸਰੂਮ (ਰੂਰਲ) ਦੀ ਉਸਾਰੀ ਦਾ ਕੰਮ ਚਲ ਰਿਹਾ ਹੈ।

4. **ਮੇਜਰ ਰਿਪੇਅਰ (ਪ੍ਰਾਇਮਰੀ) :** 03 ਮੇਜਰ ਰਿਪੇਅਰ (ਪ੍ਰਾਇਮਰੀ) ਲਈ 12.97 ਲੱਖ ਰੁ. ਪ੍ਰਾਪਤ ਹੋਇਆ ਹੈ। ਜਿਸ ਵਿੱਚੋਂ 1.10 ਲੱਖ ਰੁ. ਖਰਚ ਹੋ ਚੁੱਕਾ ਹੈ। 03 ਸਕੂਲਾਂ ਵਿੱਚ ਮੇਜਰ ਰਿਪੇਅਰ (ਪ੍ਰਾਇਮਰੀ) ਦਾ ਕੰਮ ਸ਼ੁਰੂ ਹੈ।
5. **ਮੇਜਰ ਰਿਪੇਅਰ (ਅਪਰ ਪ੍ਰਾਇਮਰੀ) :** 02 ਮੇਜਰ ਰਿਪੇਅਰ (ਅਪਰ ਪ੍ਰਾਇਮਰੀ) ਲਈ 5.86 ਲੱਖ ਰੁ. ਪ੍ਰਾਪਤ ਹੋਇਆ ਹੈ। ਜਿਸ ਵਿੱਚੋਂ 3.20 ਲੱਖ ਰੁ. ਖਰਚ ਹੋ ਚੁੱਕਾ ਹੈ। 02 ਸਕੂਲਾਂ ਵਿੱਚ ਮੇਜਰ ਰਿਪੇਅਰ (ਅਪਰ ਪ੍ਰਾਇਮਰੀ) ਦਾ ਕੰਮ ਸ਼ੁਰੂ ਹੈ।
6. **ਰੈਪ @ 0.20 ਲੱਖ ਰੁ. :** 24 ਰੈਪਾਂ ਲਈ 4.80 ਲੱਖ ਰੁ. ਪ੍ਰਾਪਤ ਹੋਏ ਹਨ। ਜਿਸ ਵਿੱਚੋਂ 3.26 ਲੱਖ ਰੁ. ਖਰਚ ਹੋ ਚੁੱਕੇ ਹਨ। 20 ਰੈਪਾਂ ਦਾ ਕੰਮ ਸ਼ੁਰੂ ਹੋ ਚੁੱਕਾ ਹੇ। 04 ਰੈਪਾਂ ਦਾ ਕੰਮ ਸ਼ੁਰੂ ਨਹੀਂ ਹੋਇਆ ਹੈ।

7. **ਲੜਕੇ ਟਾਇਲਟ ਸੁਵਿਧਾ (ਸਵੱਛ ਭਾਰਤ ਤਹਿਤ) @ 1.13 ਲੱਖ ਰੁ. :** 11 ਲੜਕੇ ਟਾਇਲਟ ਸੁਵਿਧਾ ਲਈ ਸਵੱਛ ਭਾਰਤ ਤਹਿਤ 12.46300 ਲੱਖ ਰੁ. ਪ੍ਰਾਪਤ ਹੋਏ ਹਨ। ਜਿਸ ਵਿੱਚੋ 2.57 ਲੱਖ ਰੁ. ਖਰਚ ਹੋ ਚੁੱਕੇ ਹਨ। 09 ਟਾਇਲਟਾਂ ਦਾ ਕੰਮ ਸ਼ੁਰੂ ਹੈ। 02 ਟਾਇਲਟਾਂ ਦਾ ਕੰਮ ਸ਼ੁਰੂ ਨਹੀਂ ਹੋਇਆ ਹੈ।

8. **ਗਰਲਜ਼ ਟਾਇਲਟ ਸੁਵਿਧਾ (ਸਵੱਛ ਭਾਰਤ ਤਹਿਤ) @ 1.13 ਲੱਖ ਰੁ. :** 09 ਗਰਲਜ਼ ਟਾਇਲਟ ਸੁਵਿਧਾ ਲਈ ਸਵੱਛ ਭਾਰਤ ਤਹਿਤ 10.197 ਲੱਖ ਰੁ. ਪ੍ਰਾਪਤ ਹੋਏ ਹਨ। ਜਿਸ ਵਿੱਚੋ 1.05 ਲੱਖ ਰੁ. ਖਰਚ ਹੋ ਚੁੱਕੇ ਹਨ। 06 ਟਾਇਲਟਾਂ ਦਾ ਕੰਮ ਸ਼ੁਰੂ ਹੈ। 03 ਟਾਇਲਟਾਂ ਦਾ ਕੰਮ ਸ਼ੁਰੂ ਨਹੀਂ ਹੋਇਆ ਹੈ।

ਪ੍ਰਧਾਨ ਜੀ ਨੇ ਕਿਹਾ ਕਿ ਸਿਵਲ ਵਰਕਸ ਦੇ ਜੋ ਪੈਡਿੰਗ ਕੰਮ ਹਨ, ਉਹ ਸਮੇਂ ਸਿਰ ਮੁਕੰਮਲ ਕਰਵਾਏ ਜਾਣ।

## ਮਿਡ ਡੇ ਮੀਲ ਸਕੀਮ

ਮੀਟਿੰਗ ਦੇ ਸ਼ੁਰੂ ਵਿੱਚ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜੀ ਵੱਲੋਂ ਮੀਟਿੰਗ ਵਿੱਚ ਹਾਜਿਰ ਜਿਲਾ ਸਿੱਖਿਆ ਅਫਸਰ (ਐ.ਸਿ) ਹੁਸ਼ਿਆਰਪੁਰ ਕੋਲੋਂ ਮਿਡ ਡੇ ਮੀਲ ਸਕੀਮ ਦੀ ਪ੍ਰਗਤੀ ਬਾਰੇ ਪੁੱਛਿਆ ਗਿਆ ਤਾਂ ਜਿਲਾ ਸਿੱਖਿਆ ਅਫਸਰ (ਐ.ਸਿ), ਹੁਸ਼ਿਆਰਪੁਰ ਵੱਲੋ ਦੱਸਿਆ ਗਿਆ ਕਿ ਇਸ ਜਿਲੇ ਵਿੱਚ ਮਹੀਨਾ ਫਰਵਰੀ,15 ਦੌਰਾਨ ਪ੍ਰਾਇਮਰੀ ਸਕੂਲਾਂ ਲਈ 2360.00 ਕੁਇੰਟਲ ਅਤੇ ਅੱਪਰ-ਪ੍ਰਾਇਮਰੀ ਸਕੂਲਾਂ ਲਈ 2500.00 ਕੁਇੰਟਲ ਅਨਾਜ ਲਿਫਟ ਕੀਤਾ ਗਿਆ ਹੈ। ਜਿਲਾ ਸਿੱਖਿਆ ਅਫਸਰ (ਐ.ਸਿ),ਹੁਸ਼ਿਆਰਪੁਰ ਨੇ ਦਸਿਆ ਕਿ ਮਿਡ ਡੇ ਮੀਲ ਸਕੀਮ ਤਹਿਤ ਸਕੂਲਾਂ ਵਿੱਚ ਸਪਲਾਈ ਕੀਤਾ ਜਾਣ ਵਾਲਾ ਅਨਾਜ ਪੂਰੀ ਮਾਤਰਾ ਵਿੱਚ ਸਹੀ ਗੁਣਵੱਤਾ ਵਾਲਾ ਤੋਲ ਕੇ ਅਧਿਆਪਕਾਂ ਵੱਲੋਂ ਪ੍ਰਾਪਤ ਕੀਤਾ ਜਾ ਰਿਹਾ ਹੈ। ਉਹਨਾਂ ਨੇ ਦੱਸਿਆ ਕਿ ਜ਼ਿਲੇ ਦੀ ਹਰੇਕ ਸਬ-ਡਵੀਜ਼ਨ ਵਿੱਚ ਅਨਾਜ ਦੀ ਐਡਵਾਂਸ ਚੈਕਿੰਗ ਲਈ ਸਬੰਧਤ ਐਸ.ਡੀ.ਐਮਜ਼ ਵੱਲੋਂ ਕਮੇਟੀਆਂ ਦਾ ਗਠਨ ਕੀਤਾ ਜਾ ਚੁੱਕਾ ਹੈ ਜਿਹਨਾਂ ਵੱਲੋਂ ਸਕੂਲਾਂ ਨੂੰ ਭੇਜੇ ਜਾਣ ਵਾਲੇ ਅਨਾਜ ਦੀ ਗੁਣਵੱਤਾ ਅਤੇ ਮਿਕਦਾਰ ਦੀ ਐਡਵਾਂਸ ਚੈਕਿੰਗ ਕੀਤੀ ਜਾ ਰਹੀ ਹੈ।

ਡਿਪਟੀ ਕਮਿਸ਼ਨਰ ,ਹੁਸ਼ਿਆਰਪੁਰ ਜੀ ਵੱਲੋਂ ਮੀਟਿੰਗ ਵਿੱਚ ਹਾਜਿਰ ਜਿਲਾ ਸਿੱਖਿਆ ਅਫਸਰ (ਐ.ਸਿ),ਹੁਸ਼ਿਆਰਪੁਰ ਵੱਲੋਂ ਦੱਸਿਆ ਗਿਆ ਕਿ ਇਸ ਜਿਲੇ ਨੂੰ ਮੁੱਖ ਦਫਤਰ ਪਾਸੋਂ ਮਿਤੀ 05.03.15 ਨੂੰ ਪ੍ਰਾਪਤ ਕੁਕਿੰਗ ਕੋਸਟ ਦੀ ਗ੍ਰਾਂਟ 1 ਕਰੋੜ 98 ਲੱਖ 58 ਹਜਾਰ ਰੁ: ਵਿੱਚੋ 99 ਲੱਖ 29 ਹਜਾਰ ਰੁ: ਪ੍ਰਾਇਮਰੀ ਸਕੂਲਾਂ ਅਤੇ 99 ਲੱਖ 29 ਹਜਾਰ ਰੁ: ਅੱਪਰ-ਪ੍ਰਾਇਮਰੀ ਸਕੂਲਾਂ ਵਾਸਤੇ ਮਹੀਨਾ ਫਰਵਰੀ,15 ਅਤੇ ਮਾਰਚ ,15 ਲਈ ਸਬੰਧਤ ਬੀ.ਪੀ.ਈ.ਉਜ਼ ਨੂੰ ਜਾਰੀ ਕੀਤੀ ਜਾ ਚੁੱਕੀ ਹੈ। ਇਸ ਦੇ ਨਾਲ ਹੀ ਜਿਲਾ ਸਿੱਖਿਆ ਅਫਸਰ (ਐ.ਸਿ),ਹੁਸ਼ਿਆਰਪੁਰ ਜੀ ਵੱਲੋਂ ਦੱਸਿਆ ਗਿਆ ਕਿ ਮਹੀਨਾ ਫਰਵਰੀ,15 ਦੌਰਾਨ ਪ੍ਰਾਪਤ ਗ੍ਰਾਂਟ ਵਿੱਚੋ ਇਸ ਦਫਤਰ ਵੱਲੋਂ ਇਸ ਜਿਲੇ ਦੇ ਪ੍ਰਾਇਮਰੀ ਅਤੇ ਅੱਪਰ- ਪ੍ਰਾਇਮਰੀ ਸਕੂਲਾਂ ਵਿੱਚ ਕੰਮ ਕਰਦੇ ਕੁੱਕਾਂ ਨੂੰ ਮਹੀਨਾਂ ਜਨਵਰੀ,15 ਤੱਕ ਦਾ ਮਿਹਨਤਾਨਾ ਸਬੰਧਤ ਬੀ.ਪੀ.ਈ.ਉਜ਼ ਰਾਹੀਂ ਜਾਰੀ ਕੀਤਾ ਜਾ ਚੁੱਕਾ ਹੈ। ਮਹੀਨਾ ਫਰਵਰੀ,15 ਦੇ ਮਿਹਨਤਾਨੇ ਵਾਸਤੇ ਮੁੱਖ ਦਫਤਰ ਪਾਸੋਂ ਗ੍ਰਾਂਟ ਪ੍ਰਾਪਤ ਨਹੀਂ ਹੋਈ ਹੈ।ਇਸ ਦਫਤਰ ਵੱਲੋਂ ਮੁੱਖ ਦਫਤਰ ਨੂੰ ਕੁੱਕਾਂ ਦੇ ਮਿਹਨਤਾਨੇ ਲਈ ਗ੍ਰਾਂਟ ਜਾਰੀ ਕਰਨ ਲਈ ਲਿਖਿਆ ਜਾ ਚੁੱਕਾ ਹੈ।

ਇਸ ਤੋਂ ਬਾਅਦ ਜਿਲਾ ਸਿੱਖਿਆ ਅਫਸਰ (ਐ.ਸਿ),ਹੁਸ਼ਿਆਰਪੁਰ ਵੱਲੋਂ ਦੱਸਿਆ ਗਿਆ ਕਿ ਸਰਕਾਰ ਪਾਸੋਂ ਜਾਰੀ ਨਵੀਆਂ ਹਦਾਇਤਾਂ ਅਨੁਸਾਰ ਅਨਾਜ ਦੀਆਂ ਖਾਲੀ ਬੋਰੀਆਂ ਸਕੂਲ ਪੱਧਰ ਤੇ ਵੇਚੀਆਂ ਜਾਣੀਆਂ ਹਨ ਅਤੇ ਵੇਚ-ਵੱਟਕ ਦੀ ਰਾਸ਼ੀ ਸਕੂਲਾਂ ਵੱਲੋਂ ਸਬੰਧਤ ਬੀ.ਪੀ.ਈ.ਓ ਰਾਹੀਂ ਇਸ ਦਫਤਰ ਪਾਸ ਜਮ੍ਹਾਂ ਕਰਵਾਈ ਜਾਣੀ ਹੈ। ਹੁਣ ਇਸ ਦਫਤਰ ਪਾਸ ਸਮੂਹ ਬਲਾਕਾਂ ਵੱਲੋਂ ਮਹੀਨਾ ਅਕਤੂਬਰ,14 ਤੱਕ ਦੀਆਂ ਖਾਲੀ ਬੋਰੀਆਂ ਦੀ ਵੇਚ-ਵਟਕ ਦੀ ਲਗਭਗ 3 ਲੱਖ 96 ਹਜਾਰ ਰੁ: ਦੀ ਰਾਸ਼ੀ ਜਮ੍ਹਾਂ ਕਰਵਾਈ ਗਈ ਹੈ। ਸਮੂਹ ਬਲਾਕਾਂ ਨੂੰ ਮਹੀਨਾ ਨਵੰਬਰ,14 ਤੋਂ ਫਰਵਰੀ,15 ਤੱਕ ਦੀਆਂ ਖਾਲੀ ਬੋਰੀਆਂ ਦੀ ਵੇਚ-ਵਟਕ ਦੀ ਰਾਸ਼ੀ ਇਸ ਦਫਤਰ ਪਾਸ ਜਮ੍ਹਾਂ ਕਰਵਾਉਣ ਲਈ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਡਿਪਟੀ ਕਮਿਸ਼ਨਰ,ਹੁਸ਼ਿਆਰਪੁਰ ਜੀ ਨੂੰ ਮੀਟਿੰਗ ਵਿੱਚ ਹਾਜਿਰ ਹੈਲਥ ਵਿਭਾਗ ਦੇ ਨੁਮਾਇਦੇ ਵੱਲੋਂ ਮਹੀਨਾ ਮਾਰਚ,15 ਦੌਰਾਨ ਸਕੂਲੀ ਵਿਦਿਆਰਥੀਆਂ ਦੇ ਹੈਲਥ ਚੈਕਅੱਪ ਸਬੰਧੀ ਵਿਸਤਾਰਪੂਰਵਕ ਜਾਣਕਾਰੀ ਦਿੱਤੀ ਗਈ। ਡਿਪਟੀ ਕਮਿਸ਼ਨਰ,ਹੁਸ਼ਿਆਰਪੁਰ ਜੀ ਵੱਲੋਂ ਆਦੇਸ਼ ਦਿੱਤਾ ਗਿਆ ਕਿ ਬੀ.ਪੀ.ਈ.ਓ ਆਪਣੇ ਖੇਤਰ ਨਾਲ ਸਬੰਧਤ ਐਸ.ਐਮ.ਓ/ਡਾਕਟਰ ਦੇ ਨਾਲ ਟੈਲੀਫੋਨ ਰਾਹੀਂ ਤਾਲਮੇਲ ਰੱਖਣ ਤਾਂ ਜੋ ਵਿਦਿਆਰਥੀਆਂ ਨੂੰ ਜਰੂਰਤ ਅਨੁਸਾਰ ਸਮੇਂ ਸਿਰ ਸਿਹਤ ਸੇਵਾਵਾਂ ਦਿੱਤੀਆਂ ਜਾ ਸਕਦੀਆਂ ਹਨ।

ਅੰਤ ਵਿੱਚ ਡਿਪਟੀ ਕਮਿਸ਼ਨਰ,ਹੁਸ਼ਿਆਰਪੁਰ ਜੀ ਵੱਲੋਂ ਮੀਟਿੰਗ ਸਮਾਪਤ ਕੀਤੀ ਗਈ।

ਉਪਰੋਕਤ ਮੀਟਿੰਗ ਕਾਰਵਾਈ ਦਾ ਖਰੜਾ ਪ੍ਰਵਾਨਗੀ ਉਪਰੰਤ ਦਸਤਖਤਾਂ ਹਿੱਤ ਪੇਸ਼ ਹੈ ਜੀ।

ਜਿਲਾ ਸਿਖਿਆ ਅਫਸਰ (ਐ.ਸਿ.)
ਹੁਸ਼ਿਆਰਪੁਰ

ਮਾਨਯੋਗ ਡਿਪਟੀ ਕਮਿਸ਼ਨਰ
ਹੁਸ਼ਿਆਰਪੁਰ

6/4/15